# ਕਿਡਸ ਮੈਟਰ ਸਕੂਲ-ਬੋਰਡ ਸਲੇਟ ਨੇ ਟੀਮ ਡੈਲਟਾ ਦੇ 'ਕੋਡ ਆਫ਼ ਐਥੀਕਲ ਕੰਡਕਟ' ਦਾ ਸਮਰਥਨ ਕੀਤਾ

ਜੁਲਾਈ 27, **2018** – ਡੈਲਟਾ ਬੀ.ਸੀ.– ਡੈਲਟਾ ਦੀ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਅਤੇ ਇਹਨਾਂ ਦੀ ਸਲੇਟ ਦੇ ਹੋਰ ਮੈਂਬਰਾਂ ਨੇ ਅੱਜ ਕਿਡਸ ਮੈਟਰ ਸਲੇਟ ਦੇ ਅਧੀਨ ਤਿੰਨ ਸਕੂਲ ਬੋਰਡ ਉਮੀਦਵਾਰਾਂ ਦੇ ਨਾਲ ਜੁਆਇੰਟ ਪੈਸ ਕਾਨਫਰੰਸ ਕੀਤੀ।

ਨੌਰਥ ਡੈਲਟਾ ਦੀ ਜਾਰਜ ਮੈਕੀ ਲਾਇਬਰੇਰੀ ਵਿੱਚ ਆਯੋਜਿਤ ਇਸ ਈਵੈਂਟ ਦਾ ਮਕਸਦ ਟੀਮ ਡੈਲਟਾ ਦੇ 9 ਨੁਕਾਤੀ ਕੋਡ ਆਫ ਐਥੀਕਲ ਕੰਡਕਟ ਨੂੰ ਜਨਤਕ ਰੂਪ ਵਿੱਚ ਸਮਰਥਨ ਦੇਣਾ ਸੀ, ਇਸ ਵਿੱਚ ਕਿਡਸ ਮੈਟਰ ਦੇ ਪ੍ਰਤੀਨਧ ਇਨਕੰਬੈਂਟ ਟੱਰਸਟੀ ਬਰੂਸ ਰੇਡ ਅਤੇ ਨਵੇਂ ਮੈਂਬਰ ਰੈਂਡੀ ਐਂਡਰਸਨ-ਫਨਿਲ ਅਤੇ ਵਿਕਟਰ ਐਸਪੀਨੋਜ਼ਾ ਸ਼ਾਮਲ ਸਨ।

ਬਿਸ਼ਪ ਅਤੇ ਟੀਮ ਡੈਲਟਾ ਮੈਂਬਰਾਂ ਵੈਟਰਨ ਕੌਂਸਲਰ ਰਾਬਰਟ ਕੈਂਪਬੈੱਲ, ਜੌਨ੍ਹ ਹੈਂਸਨ, ਸਿਮਰਨ ਵਾਲੀਆ ਅਤੇ ਕਿਮ ਕੈਂਡਲ ਦੁਆਰਾ ਤਿਆਰ ਕੀਤਾ ਗਿਆ ਇਹ ਐਥੀਕਲ ਕੋਡ 20 ਅਕਤੂਬਰ ਤੋਂ ਪਹਿਲਾਂ ਦੇ ਕੈਮਪੇਨ ਸਮੇਂ ਦੌਰਾਨ ਵਿਵਹਾਰ ਤੇ ਨਿਗਰਾਨੀ ਰੱਖੇਗਾ।

"ਮੈਨੂੰ ਬੜੀ ਖੁਸ਼ੀ ਹੋਈ ਸੀ ਜਦੋਂ ਕਿਡਸ ਮੈਟਰ ਉਮੀਦਵਾਰਾਂ ਨੇ ਮੈਨੂੰ ਸੰਪਰਕ ਕੀਤਾ ਅਤੇ ਕਿਹਾ ਕਿ ਉਹ ਵੀ ਸਾਡੀ ਪਹਿਲਕਦਮੀ ਵਿੱਚ ਸਾਨੂੰ ਸਹਿਯੋਗ ਦੇਣਾ ਚਾਹੁੰਦੇ ਹਨ"।"ਮੇਰਾ ਜਵਾਬ ਨਿਰਸੰਦੇਹ 'ਹਾਂ" ਸੀ ਅਤੇ ਉਸਦਾ ਨਤੀਜਾ ਹੈ ਕਿ ਅੱਜ ਅਸੀਂ ਇੱਕਠੇ ਇੱਥੇ ਹਾਂ ਅਤੇ ਬਰੂਸ , ਰੈਂਡੀ ਅਤੇ ਵਿਕਟਰ ਵੱਲੋਂ ਸਾਡੇ ਕੋਡ ਆਫ ਐਥੀਕਲ ਕੰਡਕਟ ਨੂੰ ਦਿੱਤੇ ਸਮਰਥਨ ਦਾ ਸਵਾਗਤ ਕਰ ਰਹੇ ਹਾਂ"।

ਬਿਸ਼ਪ ਅਤੇ ਟੀਮ ਡੈਲਟਾ ਨੇ 5 ਜੁਲਾਈ ਨੂੰ ਲੈਡਨਰ ਵਿੱਚ ਪ੍ਰੈਸ ਕਾਨਫਰੰਸ ਵਿੱਚ ਕੋਡ ਤੇ ਦਸਤਖ਼ਤ ਕਰਕੇ ਇਸਨੂੰ ਪਬਲਿਸ਼ ਕੀਤਾ ਸੀ।ਬਿਸ਼ਪ ਨੇ ਉਸ ਸਮੇਂ ਕਿਹਾ ਸੀ ਕਿ "ਕੈਮਪੇਨ ਵਿੱਚ ਪਹਿਲਾਂ ਤੋਂ ਹੀ ਇਹ ਕਦਮ ਉਠਾ ਕੇ ਅਸੀਂ ਸਾਬਤ ਕਰ ਦਿੱਤਾ ਹੈ ਕਿ ਜੋ ਮੁੱਦੇ ਡੈਲਟਾ ਵਾਸੀਆ ਲਈ ਮਹਤੱਵਪੂਰਣ ਹਨ ਉਹਨਾਂ ਤੇ ਅਸੀਂ ਲੀਡਰਸ਼ਿੱਪ ਵਿਖਾਈ ਹੈ"।

ਸੰਪਰਕ ਕਰੋ:
Jason Craik, co-campaign manager 604-603-1790
Kristy Fredericks, co-campaign manager 604-626-1374
teamdeltamedia@gmail.com